**Exam. Code : 103201**
**Subject Code : 1002**

**B.A./B.Sc. 1st Semester (Batch 2021-24)**

**PUNJABI (Compulsory)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ਪਹਿਲਾ**

1. ਡਾ. ਹਰਿਭਜਨ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਚਰਚਾ ਕਰੋ।
2. 'ਰਾਧਾ ਸੰਦੇਸ਼' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

**ਭਾਗ—ਦੂਜਾ**

1. 'ਮੀਰਾਂ ਬਾਈ' ਸੰਬੰਧੀ ਲੇਖ ਵਿਚਲੇ ਨਾਇਕ ਬਿੰਬ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
2. 'ਲਾਲਾ ਲਾਜਪਤ ਰਾਏ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

## ਭਾਗ—ਤੀਜਾ

1. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** 'ਤੇ ਪੈਰ੍ਹਾ ਰਚਨਾ ਕਰੋ :

   (i) ਪੰਜਾਬ ਦਾ ਅਜੋਕਾ ਰਾਜਨੀਤਿਕ ਦ੍ਰਿਸ਼

   (ii) ਬੇਰੁਜ਼ਗਾਰੀ ਦੀ ਸਮੱਸਿਆ

   (iii) ਗੀਤਾਂ ਦਾ ਫਿਲਮਾਂਕਣ ਤੇ ਪੰਜਾਬੀ ਨੌਜਵਾਨੀ।

2. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੱਗੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

   ਵਿਗਿਆਨ ਦਿਖਾਈ ਦੇ ਰਹੇ ਜਾਂ ਅਨੁਭਵ ਕੀਤੇ ਜਾਣ ਵਾਲੇ ਪਦਾਰਥ ਦੀ ਜਾਣਕਾਰੀ ਹੁੰਦਾ ਹੈ। ਸਾਰਾ ਪਦਾਰਥਕ ਜਗਤ ਨਿਰੰਤਰ ਬਦਲ ਰਿਹਾ ਹੈ ਅਤੇ ਜ਼ਮਣ-ਮਰਨ ਦੇ ਗੇੜ ਵਿੱਚ ਪਿਆ ਹੋਇਆ ਹੈ। ਇਸ ਲਈ ਵਿਗਿਆਨਕ ਜਾਣਕਾਰੀ ਅਧੂਰੀ ਹੁੰਦੀ ਹੈ ਅਤੇ ਬਦਲਦੀ ਵੀ ਰਹਿੰਦੀ ਹੈ। ਇਸ ਜਾਣਕਾਰੀ ਨੂੰ ਪ੍ਰਦਰਸ਼ਤ ਕੀਤਾ ਜਾ ਸਕਦਾ ਹੈ। ਵਿਗਿਆਨੀ ਨਾ ਦਿਖਾਈ ਦੇਣ ਵਾਲੀ ਜਾਂ ਨਾ ਅਨੁਭਵ ਕੀਤੀ ਜਾਣ ਵਾਲੀ ਅਪਦਾਰਥਕ ਹਸਤੀ ਬਾਰੇ ਕੋਈ ਰਾਏ ਨਹੀਂ ਦਿੰਦੇ ਕਿਉਂਕਿ ਅਪਦਾਰਥ ਵਿਗਿਆਨ ਦਾ ਵਿਸ਼ਾ ਹੀ ਨਹੀਂ ਹੈ। ਇਸ ਦੇ ਉਲਟ ਅਧਿਆਤਮਕ ਗਿਆਨ ਅਦਿੱਖ ਸਿਰਜਣਹਾਰ ਪ੍ਰਭੂ ਅਤੇ ਉਸ ਦੀ ਸਾਜੀ ਅਤੇ ਦਿਖਾਈ ਦੇਣ ਵਾਲੀ ਕਿਰਤ ਦਾ ਗਿਆਨ ਹੈ। ਇਹ ਪ੍ਰਭੂ ਦੇ ਸੰਸਾਰ ਅਤੇ ਮਨੁੱਖ ਨਾਲ ਸੰਬੰਧਾਂ ਦਾ ਗਿਆਨ ਹੈ। ਇਸ ਗਿਆਨ ਨੂੰ ਸਦੀਵੀ ਸੱਚ ਮੰਨਿਆ ਜਾਂਦਾ ਹੈ ਅਤੇ ਇਹ ਬਦਲਦਾ ਨਹੀਂ। ਅਧਿਆਤਮਕ ਗਿਆਨ ਨੂੰ ਪ੍ਰਦਰਸ਼ਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਦਿਖਾਈ ਦੇ ਰਹੇ ਪਦਾਰਥ ਦਾ ਗਿਆਨ ਨਹੀਂ ਹੁੰਦਾ। ਇਸ 'ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਜੋ ਇਸ 'ਤੇ ਵਿਸ਼ਵਾਸ ਨਹੀਂ ਕਰਦਾ ਉਸ ਲਈ ਇਹ ਗਿਆਨ ਭਰਮ ਜਾਂ ਨਾ ਮੰਨਣਯੋਗ ਬਿਰਤਾਂਤ ਤੋਂ ਵੱਧ ਕੁੱਝ ਵੀ ਨਹੀਂ ਹੁੰਦਾ।

   **ਪ੍ਰਸ਼ਨ :**

   (1) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ ?

   (2) ਕਿਸ ਕਾਰਨ ਵਿਗਿਆਨਕ ਜਾਣਕਾਰੀ ਅਧੂਰੀ ਹੁੰਦੀ ਹੈ ?

   (3) ਕਿਹੜਾ ਵਿਸ਼ਾ ਵਿਗਿਆਨ ਦੇ ਘੇਰੇ ਵਿੱਚ ਨਹੀਂ ਆਉਂਦਾ ?

   (4) ਅਧਿਆਤਮਕ ਗਿਆਨ ਵਿਸ਼ਵਾਸ ਕਿਉਂ ਕਰਨਾ ਹੈ ?

   (5) ਵਿਗਿਆਨ ਤੇ ਅਧਿਆਤਮਕਤਾ ਵਿੱਚ ਕੀ ਅੰਤਰ ਹੈ ?



## ਭਾਗ—ਚੌਥਾ

1. ਉਪਭਾਸ਼ਾ ਨੂੰ ਪਰਿਭਾਸ਼ਿਤ ਕਰਦੇ ਹੋਏ, ਪੰਜਾਬੀ ਦੀਆਂ ਉਪ-ਭਾਸ਼ਾਵਾਂ ਬਾਰੇ ਜਾਣਕਾਰੀ ਦਿਓ।

2. ਪੰਜਾਬੀ ਭਾਸ਼ਾ ਦੇ ਨਿਕਾਸ ਬਾਰੇ ਤੁਸੀਂ ਕੀ ਜਾਣਦੇ ਹੋ ? ਉੱਤਰ ਦਲੀਲਾਂ ਸਹਿਤ ਦਿਓ।